Punjab Government Gazette

Published by Authority

No. 5] CHANDIGARH, FRIDAY, JANUARY 30, 2026 (MAGHA 10, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

(ਮੰਡੀ ਸ਼ਾਖਾ)

ਅਧਿਸੂਚਨਾ

ਮਿਤੀ 18 ਮਈ, 2023

ਨੰ: 13/04/2023-ਮ-5/2968.- ਪੰਜਾਬ ਖੇਤੀਬਾੜੀ ਉਪਜ ਮੰਡੀਆ ਐਕਟ, 1961 ਦੀ ਧਾਰਾ 5 ਦੁਆਰਾ ਪ੍ਰਦਾਨ ਕੀਤੀਆਂ ਸਕਤੀਆਂ ਅਤੇ ਇਸ ਸਬੰਧ ਵਿਚ ਸਮਰੱਥਾ ਦੇਣ ਵਾਲੇ ਹੋਰ ਸਾਰੇ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਹੇਠ ਦਿੱਤੀ ਅਨੁਸੂਚੀ ਦੇ ਖਾਨਾ ਨੰ: 2 ਵਿੱਚ ਦਰਜ ਇਲਾਕੇ ਨੂੰ ਅਨੁਸੂਚੀ ਦੇ ਖਾਨਾ ਨੰ: 4 ਵਿਚ ਦਰਜ ਕੀਤੀ ਮਾਰਕੀਟ ਕਮੇਟੀ ਦੇ ਅਧਿਸੂਚਿਤ ਹਲਕੇ ਵਿਚ ਸਾਮਲ ਕਰਕੇ ਇਸ ਇਲਾਕੇ ਦੀ ਪੰਜਾਬ ਖੇਤੀਬਾੜੀ ਉਪਜ ਮੰਡੀਆਂ ਐਕਟ 1961 ਦੀ ਅਨੁਸੂਚੀ ਵਿਚ ਦਰਜ ਜਰਾਇਤੀ ਪੈਦਾਵਾਰ ਦੀ ਖਰੀਦ, ਵੇਚ ਸਟੋਰੇਜ ਅਤੇ ਪ੍ਰੋਸੈਸਿੰਗ ਦਾ ਕੰਟਰੋਲ ਕਰਨ ਲਈ ਘੋਸਿਤ ਕਰਨ ਦੀ ਇੱਛਾ ਰੱਖਦੇ ਹਨ।

ਇਹ ਐਲਾਨ ਉਨਾਂ ਵਿਅਕਤੀਆਂ ਦੀ ਸੂਚਨਾਂ ਹਿੱਤ ਪ੍ਰਕਾਸਿਤ ਕੀਤਾ ਜਾਂਦਾ ਹੈ ਜਿਨਾਂ ਤੇ ਇਸ ਦਾ ਅਸਰ ਪੈਣ ਦੀ ਸੰਭਾਵਨਾ ਹੋਵੇ ਅਤੇ ਇਸ ਐਲਾਨ ਦੇ ਸਰਕਾਰ ਗਜਟ ਵਿਚ ਛੱਪਣ ਦੀ ਮਿਤੀ 30 ਦਿਨਾਂ ਦੇ ਅੰਦਰ ਅੰਦਰ ਆਪਣੇ ਇਤਰਾਜ/ਸੁਝਾਓ ਸਕੱਤਰ, ਪੰਜਾਬ ਮੰਡੀ ਬੋਰਡ, ਪੰਜਾਬ ਮੰਡੀ ਭਵਨ, ਸੈਕਟਰ 65-ਏ ਐਸ.ਏ.ਐਸ. ਨਗਰ ਮੁਹਾਲੀ ਰਾਹੀ ਸਰਕਾਰ ਨੂੰ ਭੇਜ ਸਕਦੇ ਹਨ ਇਸ ਤਰਾਂ ਪ੍ਰਾਪਤ ਹੋਏ ਇਤਰਾਜ/ਸੁਝਾਓ ਤੇ ਸਰਕਾਰ ਵਿਚਾਰ ਕਰੇਗੀ।

ਲੜੀ ਨੰ:	ਪਿੰਡ/ਖਰੀਦ ਕੇਂਦਰ	ਮਾਰਕੀਟ ਕਮੇਟੀ ਦਾ ਨਾਂ ਅਤੇ ਜਿਲ੍ਹਾ ਜਿਸ ਵਿਚੋ ਪਿੰਡ ਕੱਢਿਆ ਜਾਣਾ ਹੈ।	ਮਾਰਕੀਟ ਕਮੇਟੀ ਅਤੇ ਜਿਲ੍ਹਾ ਜਿਸ ਵਿਚ ਪਿੰਡ ਸਾਮਲ ਕੀਤਾ ਜਾਣਾ ਹੈ।
1.	2.	3.	4.
1.	ਘਣੀਆਂ	ਮਾਰਕੀਟ ਕਮੇਟੀ, ਭਗਤਾ ਭਾਈਕਾ (ਜਿਲ੍ਹਾ ਬਠਿੰਡਾ)	ਮਾਰਕੀਟ ਕਮੇਟੀ, ਜੈਤੋ (ਜਿਲ੍ਹਾ ਫਰੀਦਕੋਟ)

ਸੁਮੇਰ ਸਿੰਘ ਗੁਰਜਰ

ਪ੍ਰਮੁੱਖ ਸਕੱਤਰ,ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ।

3622/1-2026/Pb.Govt.Press, S.A.S. Nagar